## ਦਫਤਰ ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
## ਭਵਨ ਤੇ ਮਾਰਗ ਸ਼ਾਖਾ,ਬਟਾਲਾ ।

ਫੋਨ ਨੰ:/ਫੈਕਸ ਨੰ: 01871-220834 ਈਮੇਲ:eecdbatalapwdpb@gmail.com

ਸੇਵਾ ਵਿਖੇ,

ਗੁਰਮੇਜ ਸਿੰਘ ਪੁੱਤਰ ਮੱਖਣ ਸਿੰਘ,
ਵਾਸੀ ਸੈਦੋਂਵਾਲ ਖੁਰਦ।
ਤਹਿਸੀਲ ਅਤੇ ਜਿਲ੍ਹਾ ਗੁਰਦਾਸਪੁਰ ।
ਨੰ: 786 ਮਿਤੀ: 19-2-18.

**ਵਿਸ਼ਾਂ :-** **ਨਗਰ ਨਿਗਮ ਦੀ ਹਦੂਦ ਤੋਂ ਬਾਹਰ ਪੈਂਦੇ ਮੈਰਿਜ ਪੈਲੇਸ਼ਾਂ ਦੀ ਮੰਨਜੂਰੀ ਸਬੰਧੀ (ਮੱਖਣ ਪੈਲੇਸ,ਪਿੰਡ ਭੈਣੀ ਪਸਵਾਲ, ਤਹਿਸੀਲ ਅਤੇ ਜਿਲ੍ਹਾ ਗੁਰਦਾਸਪੁਰ ।**

**ਹਵਾਲਾ :-** **ਆਪ ਦਾ ਬਿਨੈ-ਪੱਤਰ ਮਿਤੀ: ਨਿੱਲ ਜੋ ਇਸ ਦਫਤਰ ਵਿਖੇ ਮਿਤੀ: 30-01-2018 ਨੂੰ ਪ੍ਰਾਪਤ ਹੋਇਆ ।**

ਉਪ ਮੰਡਲ ਇੰਜੀਨੀਅਰ,ਉਸਾਰੀ ਉਪ ਮੰਡਲ,ਲੋਂ:ਨਿ:ਵਿ: ਭਵਨ ਤੇ ਮਾਰਗ ਸ਼ਾਖਾ,ਕਲਾਨੌਰ ਐਟ ਕਾਹਨੂੰਵਾਨ ਨੇ ਅਪਣੇ ਪੱਤਰ ਨੰ: 17 ਮਿਤੀ: 13-02-2018 ਰਾਹੀ ਮੌਕੇ ਦਾ ਨਰੀਖਣ ਕਰਨ ਉਪਰੰਤ ਰਿਪੋਰਟ ਕੀਤੀ ਹੈ ਕਿ ਵਿਸ਼ਾਂ ਅੰਕਿਤ ਪੈਲੇਸ ਦੀ ਉਸਾਰੀ ਅਤੇ ਬਾਉਂਡਰੀ ਵਾਲ ਦੀ ਉਸਾਰੀ ਪੀ.ਡਬਲਯੂ.ਡੀ. ਦੀ ਲੈਂਡ ਤੋਂ ਬਾਹਰ ਕੀਤੀ ਗਈ ਹੈ।ਇਸ ਲਈ ਹੇਠ ਅਨੁਸਾਰ ਇਤਰਾਜਹੀਨਤਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ :-

1) ਪੀ.ਡਬਲਯੂ.ਡੀ. ਦੀ ਹਦੂਦ/ਹੱਦ ਵਿੱਚ ਕੋਈ ਵੀ ਇੰਨਕਰੋਚਮੈਂਟ ਨਹੀ ਕੀਤੀ ਜਾਵੇਗੀ ।
2) ਜੇਕਰ ਪੈਲੇਸ ਮਾਲਕ ਵੱਲੋਂ ਪੀ.ਡਬਲਯੂ.ਡੀ. ਦੀ ਜਗ੍ਹਾ ਤੇ ਕਿਸੇ ਕਿਸਮ ਦੀ ਇੰਨਕਰੋਚਮੈਂਟ/ਵਾਧਾ ਪਾਇਆ ਗਿਆ ਤਾਂ ਵੀ ਨਕਸ਼ਾ/ਐਨ.ਓ.ਸੀ./ਮਨਜ਼ੂਰੀ ਖੁਦ-ਬ-ਖੁਦ ਨਾ ਮਨਜ਼ੂਰ ਸਮਝਿਆ ਜਾਵੇਗਾ ।
3) ਉਪਰੋਕਤ ਪੈਲੇਸ ਦੇ ਦਿੱਤੇ ਗਏ ਨਕਸ਼ੇ ਤੋਂ ਇਲਾਵਾ ਮਾਲਕ ਵੱਲੋਂ ਜੇਕਰ ਕੋਈ ਵੀ ਨਵੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸਦੀ ਲਿਖਤੀ ਸੂਚਨਾ ਪੀ.ਡਬਲਯੂ.ਡੀ./ਇਸ ਦਫਤਰ ਨੂੰ ਦੇਣੀ ਹੋਵੇਗੀ ਤਾਂ ਜੋ ਸਬੰਧਤ ਉਪ ਮੰਡਲ ਇੰਜੀਨੀਅਰ ਵੱਲੋਂ ਨਿਯਮਾਂ ਅਨੁਸਾਰ ਨਿਸ਼ਾਨਦੇਹੀ ਦਿੱਤੀ ਜਾ ਸਕੇ।
4) ਪੈਲੇਸ ਮਾਲਕ ਬਿਲਡਿੰਗ ਦੀ ਕਿਸੇ ਕਿਸਮ ਦੀ ਉਸਾਰੀ/ਮੁਰੰਮਤ ਸਬੰਧੀ ਪੀ.ਡਬਲਯੂ.ਡੀ ਦੀ ਹਦੂਦ/ਜਗ੍ਹਾ ਤੇ ਕੋਈ ਮਲਬਾ/ਇੱਟਾਂ ਆਦਿ ਬਗੈਰ ਪ੍ਰਵਾਨਗੀ ਤੋਂ ਨਹੀ ਰਖੇਗਾ।ਜੇਕਰ ਕੋਈ ਮਲਬਾ/ਇੱਟਾਂ ਜਾਂ ਹੋਰ ਉਸਾਰੀ ਦਾ ਸਮਾਨ ਸੜਕ/ਵਿਭਾਗ ਦੀ ਹਦੂਦ ਵਿੱਚ ਬਗੈਰ ਮਨਜ਼ੂਰੀ ਤੋਂ ਪਾਇਆ ਗਿਆ ਤਾਂ ਉਹ ਬਿਨਾਂ ਕੋਈ ਨੋਟਿਸ ਦਿੱਤੇ ਵਿਭਾਗ ਵੱਲੋਂ ਜਬਤ ਕਰ ਲਿਆ ਜਾਵੇਗਾ ।
5) ਪਾਣੀ ਦੇ ਨਿਕਾਸ ਲਈ ਡਾਊਣ ਪਾਈਪ ਆਦਿ ਦਾ ਪ੍ਰਬੰਧ ਹਰ ਹਾਲਤ ਵਿੱਚ ਕਰਨਾ ਯਕੀਨੀ ਬਨਾਇਆ ਜਾਵੇਗਾ ਅਤੇ ਜੇਕਰ ਪਾਣੀ ਦੇ ਨਿਕਾਸ ਨਾਲ ਪੀ.ਡਬਲਯੂ.ਡੀ. ਦੀ ਸੜਕ/ਹਦੂਦ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਦਾ ਹੈ ਤਾਂ ਉਸ ਨੂੰ ਠੀਕ ਕਰਨ ਦੀ ਸਾਰੀ ਜਿੰਮੇਂਵਾਰੀ ਸਿੱਧੇ ਤੋਰ ਤੇ ਮਾਲਕ ਦੀ ਹੋਵੇਗੀ ।
6) ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੇ ਹੁਕਮਾਂ/ਹਦਾਇਤਾਂ ਦੀ ਪਾਲਣਾ ਲਈ ਉਕਤ ਪੈਲੇਸ ਪਾਬੰਧ ਹੋਵੇਗਾਂ ।
7) ਉਕਤ ਪੈਲੇਸ ਨੂੰ ਗੇਟ ਵਾਸਤੇ ਰਸਤਾ ਪੁੱਡਾ ਐਕਟ 1995 ਤਹਿਤ ਦਿੱਤਾ ਜਾਂਦਾ ਹੈ ਤਾਂ ਮਹਿਕਮੇ ਲੋਕ ਨਿਰਮਾਣ ਵਿਭਾਗ ਨੂੰ ਕੋਈ ਇਤਰਾਜ ਨਹੀ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਂ:ਨਿ:ਵਿ: ਭਤੇਮ ਸ਼ਾਖਾ,
ਬਟਾਲਾ ।

ਪਿੰਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਂ:ਨਿ:ਵਿ: ਭਤੇਮ ਸਾਖਾ, ਕਲਾਨੌਰ ਐਟ ਕਾਹਨੂੰਵਾਨ ਨੂੰ ਉਨਾਂ ਦੇ ਪੱਤਰ ਨੰ: 17 ਮਿਤੀ:13-02-2018 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਂ:ਨਿ:ਵਿ: ਭਤੇਮ ਸ਼ਾਖਾ,
ਬਟਾਲਾ ।